# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ-2014 (ਰੈਗੂਲਰ ਅਤੇ ਓਪਨ ਸਕੂਲ) ਲਈ ਪ੍ਰੀਖਿਆਰਥੀਆਂ ਦੇ ਵੇਰਵੇ ਪ੍ਰੀਖਿਆ ਫਾਰਮ ਵਿੱਚ ਪ੍ਰੀ-ਪ੍ਰਿੰਟਿਡ ਭੇਜੇ ਜਾਣਗੇ। ਪ੍ਰੀਖਿਆ ਫਾਰਮ ਵਿੱਚ ਛਪੇ ਇਹ ਵੇਰਵੇ ਰਜਿਸਟਰੇਸ਼ਨ/ਕੰਟੀਨਿਊਸ਼ਨ ਰਾਹੀਂ ਇਕੱਤਰ ਕੀਤੇ ਵੇਰਵਿਆਂ ਤੇ ਅਧਾਰਿਤ ਹਨ। ਇਸ ਲਈ ਸਕੂਲਾਂ ਨੂੰ ਆਨ ਲਾਈਨ ਰਜਿਸਟਰੇਸ਼ਨ/ਕੰਟੀਨਿਊਸ਼ਨ 2013-14 ਦੇ ਵੇਰਵਿਆਂ ਵਿੱਚ ਸੋਧ ਕਰਨ ਦਾ ਇੱਕ ਆਖਰੀ ਮੌਕਾ ਮਿਤੀ 10.09.2013 ਤੱਕ ਦਿੱਤਾ ਜਾ ਰਿਹਾ ਹੈ। ਜੇਕਰ ਕਿਸੇ ਸਕੂਲ ਮੁੱਖੀ ਵੱਲੋਂ ਸਮੇਂ ਸਿਰ ਸਹੀ ਵੇਰਵੇ ਨਹੀਂ ਭਰੇ ਜਾਂਦੇ ਜਾਂ ਗਲਤ ਭਰੇ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਸੰਯੁਕਤ ਸਕੱਤਰ(ਪ੍ਰੀਖਿਆਵਾਂ)